**Drugs for Attention Deficit Hyperactivity Disorder**

# ਅਟੈਂਸ਼ਨ ਡੈਫਿਸਿਟ ਹਾਈਪਰਐਕਟਿਵਿਟੀ ਡਿਸਆਰਡਰ (ADHD) ਲਈ ਦਵਾਈਆਂ

## ADHD ਦੀਆਂ ਦਵਾਈਆਂ ਕੀ ਹੁੰਦੀਆਂ ਹਨ?

ADHD (ਅਟੈਂਸ਼ਨ ਡੈਫਿਸਿਟ ਹਾਈਪਰਐਕਟਿਵਿਟੀ ਡਿਸਆਰਡਰ) ਦੀਆਂ ਦਵਾਈਆਂ ਉਹ ਦਵਾਈਆਂ ਹਨ ਜੋ ADHD ਦੇ ਲੱਛਣਾਂ ਦੇ ਪ੍ਰਬੰਧਨ ਲਈ ਵਰਤੀ ਜਾਂਦੀਆਂ ਹਨ। ਇਨ੍ਹਾਂ ਲੱਛਣਾਂ ਵਿੱਚ ਅਤਿ ਸਰਗਰਮੀ, ਆਵੇਗਸ਼ੀਲਤਾ ਅਤੇ ਬੇਧਿਆਨੀ ਸ਼ਾਮਲ ਹੁੰਦੇ ਹਨ। ਇਹ ਦਵਾਈਆਂ ADHD ਨੂੰ ਠੀਕ ਨਹੀਂ ਕਰਦੀਆਂ, ਪਰ ਦਿਮਾਗ ਵਿੱਚ ਨਿਊਰੋਟ੍ਰਾਂਸਮੀਟਰਾਂ ਨੂੰ ਸੰਤੁਲਿਤ ਕਰਕੇ ਧਿਆਨ ਕੇਂਦਰਤ ਕਰਨ ਵਿੱਚ ਮਦਦ ਕਰਦੀਆਂ ਹਨ ਅਤੇ ਸਰਗਰਮੀ ਅਤੇ ਆਵੇਗਸ਼ੀਲ ਵਿਵਹਾਰ ਨੂੰ ਘਟਾਉਣ ਵਿੱਚ ਮਦਦ ਕਰਦੀਆਂ ਹਨ।

ਇਹ ਉਦੋਂ ਤਜਵੀਜ਼ ਕੀਤੀਆਂ ਜਾਂਦੀਆਂ ਹਨ ਜਦੋਂ ਮਰੀਜ਼ਾਂ ਨੂੰ ਆਪਣੇ ADHD ਲੱਛਣਾਂ ਦੇ ਕਾਰਨ ਰੋਜ਼ਾਨਾ ਜੀਵਨ ਦੇ ਕੰਮਾਂ ਵਿੱਚ ਬਹੁਤ ਜ਼ਿਆਦਾ ਮੁਸ਼ਕਲਾਂ ਆਉਂਦੀਆਂ ਹਨ। ਇਹਨਾਂ ਮੁਸ਼ਕਲਾਂ ਵਿੱਚ ਸਕੂਲ ਜਾਂ ਕੰਮ ਦੀ ਕਾਰਗੁਜ਼ਾਰੀ, ਸਬੰਧਾਂ ਅਤੇ ਖੁਦ ਉੱਤੇ ਭਰੋਸੇ ਵਾਲੀਆਂ ਸਮੱਸਿਆਵਾਂ ਸ਼ਾਮਲ ਹੋ ਸਕਦੀਆਂ ਹਨ। ADHD ਦਵਾਈ ਦੇਣ ਦਾ ਫੈਸਲਾ ਤੁਹਾਡੇ ਡਾਕਟਰ ਦੁਆਰਾ ਇੱਕ ਵਿਆਪਕ ਮੁਲਾਂਕਣ 'ਤੇ ਅਧਾਰਤ ਹੁੰਦਾ ਹੈ।

## ADHD ਦਵਾਈਆਂ ਦੀਆਂ ਕਿਸਮਾਂ

ADHD ਦਵਾਈਆਂ ਦੋ ਮੁੱਖ ਸ਼੍ਰੇਣੀਆਂ ਵਿੱਚ ਆਉਂਦੀਆਂ ਹਨ: ਉਤੇਜਕ ਅਤੇ ਗੈਰ-ਉਤੇਜਕ। ਦੋਵੇਂ ਕਿਸਮਾਂ ਵੱਖਰੇ ਢੰਗ ਨਾਲ ਕੰਮ ਕਰਦੀਆਂ ਹਨ ਅਤੇ ਦਿਮਾਗ 'ਤੇ ਵੱਖੋ-ਵੱਖਰੇ ਪ੍ਰਭਾਵ ਪਾਉਂਦੀਆਂ ਹਨ।

1. **ਉਤੇਜਕ**

   ADHD ਲਈ ਸਭ ਤੋਂ ਆਮ ਤੌਰ 'ਤੇ ਵਰਤੀਆਂ ਜਾਣ ਵਾਲੀਆਂ ਦਵਾਈਆਂ ਉਤੇਜਕ ਹਨ। ਇਹ ਦਿਮਾਗ ਵਿੱਚ ਕੁਝ ਰਸਾਇਣਾਂ ਦੇ ਪੱਧਰ ਨੂੰ ਵਧਾ ਕੇ ਕੰਮ ਕਰਦੀਆਂ ਹਨ ਜੋ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਕਰਦੀਆਂ ਹਨ ਅਤੇ ਆਵੇਗਸ਼ੀਲ ਵਿਵਹਾਰ ਨੂੰ ਘਟਾਉਂਦੀਆਂ ਹਨ। ਆਮ ਉਤੇਜਕਾਂ ਵਿੱਚ ***ਮੇਥੀਲਫੇਨੀਡੇਟ*** (ਜਿਸਨੂੰ ਰੀਟਾਲਿਨ, ਕੰਸਰਟਾ ਵੀ ਕਿਹਾ ਜਾਂਦਾ ਹੈ) ਅਤੇ ***ਲਿਸਡੇਕਸੈਮਫੇਟਾਮਾਈਨ*** (ਜਿਸਨੂੰ ਵਾਈਵੈਂਸ ਵੀ ਕਿਹਾ ਜਾਂਦਾ ਹੈ) ਸ਼ਾਮਲ ਹਨ।

2. **ਗੈਰ-ਉਤੇਜਕ**

   ਗੈਰ-ਉਤੇਜਕ ਦਵਾਈਆਂ ਉਤੇਜਕਾਂ ਤੋਂ ਵੱਖਰੇ ਢੰਗ ਨਾਲ ਕੰਮ ਕਰਦੀਆਂ ਹਨ। ਇਹਨਾਂ ਰਸਾਇਣਾਂ ਦੀ ਮਾਤਰਾ ਵਧਾਉਣ ਦੀ ਬਜਾਏ, ਉਹ ਇਹ ਬਦਲਦੀਆਂ ਹਨ ਕਿ ਇਹ ਰਸਾਇਣ ਦਿਮਾਗ ਦੇ ਉਹਨਾਂ ਹਿੱਸਿਆਂ ਨਾਲ ਕਿਵੇਂ ਪਰਸਪਰ ਪ੍ਰਭਾਵ ਪਾਉਂਦੇ ਹਨ ਜੋ ਧਿਆਨ ਅਤੇ ਆਵੇਗ ਨਿਯੰਤਰਣ ਵਿੱਚ ਮਦਦ ਕਰਦੇ ਹਨ। ਆਮ ਗੈਰ-ਉਤੇਜਕ ਦਵਾਈਆਂ ਵਿੱਚ ***ਐਟੋਮੋਕਸੇਟਾਈਨ*** (ਜਿਸਨੂੰ ਸਟ੍ਰੈਟਟੇਰਾ ਵੀ ਕਿਹਾ ਜਾਂਦਾ ਹੈ) ਸ਼ਾਮਲ ਹਨ।

***ADHD ਦਵਾਈਆਂ ਦੇ ਮਾੜੇ ਪ੍ਰਭਾਵ ਅਤੇ ਸਾਵਧਾਨੀਆਂ***

ADHD ਦਵਾਈ ਲੈਂਦੇ ਸਮੇਂ ਕੁਝ ਸੰਭਾਵੀ ਮਾੜੇ ਪ੍ਰਭਾਵ ਹੋ ਸਕਦੇ ਹਨ, ਹਾਲਾਂਕਿ ਇਹ ਆਮ ਤੌਰ 'ਤੇ ਪਹਿਲੇ ਕੁਝ ਹਫ਼ਤਿਆਂ ਬਾਅਦ ਘੱਟ ਜਾਂਦੇ ਹਨ। ਜੇਕਰ ਤੁਹਾਨੂੰ ਕੋਈ ਮਾੜੇ ਪ੍ਰਭਾਵ ਮਹਿਸੂਸ ਹੁੰਦੇ ਹਨ ਤਾਂ ਆਪਣੇ ਡਾਕਟਰ ਨੂੰ ਸੂਚਿਤ ਕਰੋ, ਤੁਹਾਡਾ ਡਾਕਟਰ ਖੁਰਾਕ ਵਿਚ ਬਦਲਾਅ ਕਰ ਸਕਦਾ ਹੈ ਅਤੇ/ਜਾਂ ਮਾੜੇ ਪ੍ਰਭਾਵਾਂ ਨੂੰ ਘੱਟ ਕਰਨ ਲਈ ਤੁਹਾਨੂੰ ਹੋਰ ਇਲਾਜ ਪ੍ਰਦਾਨ ਕਰ ਸਕਦਾ ਹੈ।

| ADHD ਦਵਾਈਆਂ | ਆਮ ਮਾੜੇ ਪ੍ਰਭਾਵ | ਸਾਵਧਾਨੀਆਂ |
|---|---|---|
| ਉਤੇਜਕ | | |
| **ਮੈਥੀਲਫੇਨੀਡੇਟ** | ਨੀਂਦ ਨਾ ਆਉਣਾ, ਭੁੱਖ ਘੱਟ ਲੱਗਣਾ, ਭਾਰ ਘਟਣਾ, ਮੂਡ ਬਦਲਣਾ, ਮਤਲੀ, ਉਲਟੀਆਂ, ਦਸਤ, ਅਪਚ, ਸਿਰ ਦਰਦ, ਚੱਕਰ ਆਉਣਾ, ਜੋੜਾਂ ਵਿੱਚ ਦਰਦ, ਮਾਸਪੇਸ਼ੀਆਂ ਵਿੱਚ ਮਰੋੜ, ਵਧਿਆ ਹੋਇਆ ਬਲੱਡ ਪ੍ਰੈਸ਼ਰ ਅਤੇ ਨਬਜ਼। | ਮੈਥੀਲਫੇਨੀਡੇਟ ਦਾ ਹਮੇਸ਼ਾਂ ਇੱਕੋ ਹੀ ਬ੍ਰਾਂਡ ਵਰਤਣਾ ਚੰਗਾ ਰਹਿੰਦਾ ਹੈ। ਮੈਥੀਲਫੇਨੀਡੇਟ ਦੀਆਂ ਵੱਖ-ਵੱਖ ਬ੍ਰਾਂਡਾਂ ਅਤੇ ਤਿਆਰੀਆਂ ਸਰੀਰ ਵਿੱਚ ਦਵਾਈ ਛੱਡਣ ਦੇ ਢੰਗ ਵਿੱਚ ਵੱਖ-ਵੱਖ ਹੋ ਸਕਦੀਆਂ ਹਨ।<br><br>ਨੀਂਦ ਨਾ ਆਉਣ ਦੀ ਸਮੱਸਿਆ ਤੋਂ ਬਚਣ ਲਈ ਮੈਥੀਲਫੇਨੀਡੇਟ ਦੀ ਆਖਰੀ ਖੁਰਾਕ 6 ਵਜੇ ਸ਼ਾਮ ਤੋਂ ਬਾਅਦ ਨਾ ਲਓ। |
| **ਲਿਸਡੇਕਸੈਮਫੇਟਾਮਾਈਨ** | ਨੀਂਦ ਨਾ ਆਉਣਾ, ਭੁੱਖ ਘੱਟ ਲੱਗਣਾ, ਭਾਰ ਘਟਣਾ, ਹਮਲਾਵਰਤਾ, ਚੱਕਰ ਆਉਣਾ, ਸਿਰ ਦਰਦ, ਦਸਤ, ਮਤਲੀ ਅਤੇ ਉਲਟੀਆਂ, ਵਧਿਆ ਹੋਇਆ ਬਲੱਡ ਪ੍ਰੈਸ਼ਰ ਅਤੇ ਨਬਜ਼। | ਸੰਭਵ ਹੋਵੇ ਤਾਂ ਸਵੇਰੇ ਹੀ ਦਵਾਈ ਲੈਣੀ ਚਾਹੀਦੀ ਹੈ। ਨੀਂਦ ਨਾ ਆਉਣ ਦੀ ਸੰਭਾਵਨਾ ਦੇ ਕਾਰਨ ਦੁਪਹਿਰ ਦੀਆਂ ਖੁਰਾਕਾਂ ਤੋਂ ਬਚੋ। |
| ਗੈਰ-ਉਤੇਜਕ | | |
| **ਐਟੋਮੋਕਸੇਟਾਈਨ** | ਨੀਂਦ ਨਾ ਆਉਣਾ, ਭੁੱਖ ਘੱਟ ਲੱਗਣਾ, ਭਾਰ ਘਟਣਾ, ਕਬਜ਼, ਚੱਕਰ ਆਉਣਾ, ਸਿਰ ਦਰਦ, ਮਤਲੀ ਅਤੇ ਉਲਟੀਆਂ, ਵਧਿਆ ਹੋਇਆ ਬਲੱਡ ਪ੍ਰੈਸ਼ਰ ਅਤੇ ਨਬਜ਼। | / |

***ਕੀ ਮੈਂ ਆਪਣੀਆਂ ADHD ਦਵਾਈਆਂ ਲੈਣਾ ਬੰਦ ਕਰ ਸਕਦਾ / ਸਕਦੀ ਹਾਂ?***

ਆਪਣੀ ADHD ਦੀ ਦਵਾਈ ਲੈਣੀ ਬੰਦ ਕਰਨ ਦੇ ਫੈਸਲੇ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰਨੀ ਬਹੁਤ ਜ਼ਰੂਰੀ ਹੈ। ਡਾਕਟਰੀ ਸਲਾਹ ਤੋਂ ਬਿਨਾਂ ਅਚਾਨਕ ਦਵਾਈ ਛੱਡਣ ਨਾਲ ADHD ਦੇ ਲੱਛਣ ਦੁਬਾਰਾ ਉਭਰ ਸਕਦੇ ਹਨ। ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਡੇ ਲੱਛਣਾਂ ਦੇ ਪ੍ਰਬੰਧਨ, ਸਮੁੱਚੀ ਤਰੱਕੀ ਅਤੇ ਨਿੱਜੀ ਲੋੜਾਂ ਦੇ ਆਧਾਰ 'ਤੇ ਦਵਾਈ ਛੱਡਣ ਦਾ ਢੰਗ ਅਤੇ ਸਮਾਂ ਨਿਰਧਾਰਤ ਕਰਨ ਵਿੱਚ ਤੁਹਾਡੀ ਮਦਦ ਕਰੇਗਾ। ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਆਪਣੇ ਡਾਕਟਰ ਦੇ ਹੁਕਮਾਂ ਦੀ ਪਾਲਣਾ ਕਰੋ ਅਤੇ ਨਿਯਮਤ ਜਾਂਚ ਕਰਵਾਉਂਦੇ ਰਹੋ ਤਾਂ ਜੋ ਲੋੜ ਅਨੁਸਾਰ ਇਲਾਜ ਯੋਜਨਾ ਵਿੱਚ ਤਬਦੀਲੀਆਂ ਕੀਤੀਆਂ ਜਾ ਸਕਣ।

***ਮੈਨੂੰ ਆਪਣੀਆਂ ADHD ਦਵਾਈਆਂ ਕਿੰਨੀ ਦੇਰ ਤੱਕ ਲੈਣ ਦੀ ਲੋੜ ਹੈ?***

ADHD ਦਵਾਈ ਦੇ ਇਲਾਜ ਦੀ ਮਿਆਦ ਹਰੇਕ ਵਿਅਕਤੀ ਲਈ ਵੱਖ-ਵੱਖ ਹੁੰਦੀ ਹੈ ਅਤੇ ਕਈ ਕਾਰਕਾਂ 'ਤੇ ਨਿਰਭਰ ਕਰਦੀ ਹੈ, ਜਿਸ ਵਿੱਚ ਲੱਛਣਾਂ ਦੀ ਗੰਭੀਰਤਾ, ਇਲਾਜ ਪ੍ਰਤੀਕਿਰਿਆ ਅਤੇ ਵਿਅਕਤੀਗਤ ਜ਼ਰੂਰਤਾਂ ਸ਼ਾਮਲ ਹਨ। ਤੁਹਾਡਾ ਡਾਕਟਰ ਇਲਾਜ ਦੀ ਢੁਕਵੀਂ ਮਿਆਦ ਨਿਰਧਾਰਤ ਕਰਨ ਲਈ ਤੁਹਾਡੇ ਨਾਲ ਕੰਮ ਕਰੇਗਾ। ਕੁਝ ਮਾਮਲਿਆਂ ਵਿੱਚ, ਦਵਾਈ ਇੱਕ ਖਾਸ ਸਮੇਂ ਲਈ ਵਰਤੀ ਜਾ ਸਕਦੀ ਹੈ, ਜਿਵੇਂ ਕਿ ਸਕੂਲੀ ਸਾਲ ਦੌਰਾਨ, ਜਦੋਂ ਕਿ ਦੂਜੇ ਮਾਮਲਿਆਂ ਵਿੱਚ, ਲੰਬੇ ਸਮੇਂ ਜਾਂ ਨਿਰੰਤਰ ਦਵਾਈ ਲੈਣ ਦੀ ਸਿਫ਼ਾਰਸ਼ ਕੀਤੀ ਜਾ ਸਕਦੀ ਹੈ। ਇਲਾਜ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰਨ, ਲੱਛਣਾਂ ਵਿੱਚ ਕਿਸੇ ਵੀ ਬਦਲਾਅ ਦੀ ਨਿਗਰਾਨੀ ਕਰਨ ਅਤੇ ਤੁਹਾਡੀ ਇਲਾਜ ਯੋਜਨਾ ਵਿੱਚ ਕੋਈ ਵੀ ਜ਼ਰੂਰੀ ਤਬਦੀਲੀਆਂ ਕਰਨ ਲਈ ਨਿਯਮਤ ਜਾਂਚ ਅਤੇ ਤੁਹਾਡੇ ਡਾਕਟਰ ਨਾਲ ਨਿਰੰਤਰ ਸੰਚਾਰ ਜ਼ਰੂਰੀ ਹੈ।

## ਜੇ ਮਰੀਜ਼ ਆਪਣੀਆਂ ADHD ਦੀਆਂ ਦਵਾਈਆਂ ਲੈਣ ਤੋਂ ਇਨਕਾਰ ਕਰ ਦੇਵੇ ਤਾਂ ਦੇਖਭਾਲ ਕਰਨ ਵਾਲੇ ਨੂੰ ਕੀ ਕਰਨਾ ਚਾਹੀਦਾ ਹੈ?

ਜੇਕਰ ਕੋਈ ਮਰੀਜ਼ ਦਵਾਈ ਲੈਣ ਤੋਂ ਇਨਕਾਰ ਕਰਦਾ ਹੈ ਤਾਂ ਦੇਖਭਾਲ ਕਰਨ ਵਾਲਿਆਂ ਲਈ ਇਹ ਮਹੱਤਵਪੂਰਣ ਹੈ ਕਿ ਉਹ ਧੀਰਜ ਤੇ ਸਮਝ ਨਾਲ ਇਸ ਸਥਿਤੀ ਦਾ ਸਾਹਮਣਾ ਕਰਨ। ਖੁੱਲ੍ਹੀ ਗੱਲਬਾਤ ਹੀ ਕੁੰਜੀ ਹੈ । ਦਵਾਈ ਦੀ ਮਹੱਤਤਾ, ਇਸ ਦੇ ਫਾਇਦੇ ਅਤੇ ਨਾ ਲੈਣ ਨਾਲ ਹੋ ਸਕਦੇ ਖਤਰੇ ਬਾਰੇ ਚਰਚਾ ਕਰੋ। ਜੇਕਰ ਮਰੀਜ਼ ਫਿਰ ਵੀ ਇਨਕਾਰ ਕਰਦਾ ਹੈ, ਤਾਂ ਡਾਕਟਰ ਜਾਂ ਮਾਨਸਿਕ ਸਿਹਤ ਪੇਸ਼ੇਵਰ ਦੀ ਸਹਾਇਤਾ ਲੈਣਾ ਲਾਭਕਾਰੀ ਹੋ ਸਕਦਾ ਹੈ। ਉਹ ਹੋਰ ਜਾਣਕਾਰੀ ਅਤੇ ਭਰੋਸਾ ਪ੍ਰਦਾਨ ਕਰ ਸਕਦੇ ਹਨ ਜਾਂ ਜ਼ਰੂਰੀ ਹੋਣ 'ਤੇ ਵਿਕਲਪਕ ਇਲਾਜ ਸੁਝਾ ਸਕਦੇ ਹਨ। ਇਹ ਵੀ ਜ਼ਰੂਰੀ ਹੈ ਕਿ ਤੁਸੀਂ ਮਰੀਜ਼ ਦੀ ਖੁਦਮੁਖਤਿਆਰੀ ਅਤੇ ਭਾਵਨਾਵਾਂ ਦੀ ਇੱਜ਼ਤ ਕਰੋ, ਨਾਲ ਹੀ ਉਹਨਾਂ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਓ।

| **ਕਰੋ** |
| --- |
| 1. ਡਾਕਟਰ ਦੀ ਹਦਾਇਤਾਂ ਦੀ ਪਾਲਣਾ ਸਖ਼ਤੀ ਨਾਲ ਕਰੋ। |
| 2. ਦਵਾਈ ਲੈਣ ਤੋਂ ਪਹਿਲਾਂ ਉਸਦਾ ਨਾਂ, ਖੁਰਾਕ, ਤੇ ਬਾਰੰਬਾਰਤਾ ਆਦਿ ਧਿਆਨ ਨਾਲ ਜਾਂਚੋ। |
| 3. ਨੁਸਖ਼ੇ ਦੇ ਲੇਬਲ ਨੂੰ ਧਿਆਨ ਨਾਲ ਪੜ੍ਹੋ। |
| 4. ਖੁਰਾਕ, ਸੰਕੇਤ, ਨਿਰੋਧ ਅਤੇ ਮਾੜੇ ਪ੍ਰਭਾਵਾਂ ਵੱਲ ਧਿਆਨ ਦਿਓ। |
| 5. ਦਵਾਈ ਲੈਣ ਦਾ ਢੰਗ ਸਮਝੋ। |
| 6. ਆਪਣੀ ਦਵਾਈ ਨੂੰ ਸਹੀ ਢੰਗ ਨਾਲ ਸਟੋਰ ਕਰੋ। |
| 7. ਨਿਰਧਾਰਤ ਕੋਰਸ ਪੂਰਾ ਕਰੋ ਜਦੋਂ ਤੱਕ ਕਿ ਹੋਰ ਨਿਰਦੇਸ਼ ਨਾ ਦਿੱਤੇ ਜਾਣ। |
| 8. ਜੇ ਕੋਈ ਸਵਾਲ ਹੋਣ, ਤਾਂ ਆਪਣੇ ਪਰਿਵਾਰ ਨਾਲ ਗੱਲ ਕਰੋ ਜਾਂ ਸਿਹਤ ਸੰਭਾਲ ਮਾਹਿਰਾਂ ਨਾਲ ਸਲਾਹ ਕਰੋ। |

| <u>ਨਾ ਕਰੋ</u> |
| --- |
| 1. ਆਪਣੀ ਦਵਾਈ ਦੀ ਖੁਰਾਕ ਆਪਣੇ ਆਪ ਨਾ ਬਦਲੋ। |
| 2. ਡਾਕਟਰ ਦੀ ਸਲਾਹ ਤੋਂ ਬਿਨਾਂ ਦਵਾਈ ਲੈਣੀ ਬੰਦ ਨਾ ਕਰੋ। |
| 3. ਦਵਾਈ ਨਾਲ ਸ਼ਰਾਬ ਨਾ ਪਿਓ। |
| 4. ਦਵਾਈ ਨੂੰ ਕਿਸੇ ਹੋਰ ਬੋਤਲ ਵਿੱਚ ਨਾ ਰੱਖੋ। |
| 5. ਡਾਕਟਰ ਦੀ ਹਦਾਇਤ ਤੋਂ ਬਿਨਾਂ ਹੋਰ ਦਵਾਈ ਨਾ ਲਵੋ। |
| 6. ਡਾਕਟਰ ਨੂੰ ਆਪਣੀ ਦਵਾਈ ਲੈਣ ਦੀ ਪਾਬੰਦੀ ਬਾਰੇ ਝੂਠ ਨਾ ਬੋਲੋ। |

ਇਹ ਦਸਤਾਵੇਜ਼ ਮੂਲ ਅੰਗਰੇਜ਼ੀ ਸੰਸਕਰਣ ਦਾ ਅਨੁਵਾਦ ਹੈ। ਕਿਸੇ ਵੀ ਅੰਤਰ ਜਾਂ ਅਸੰਗਤਤਾ ਦੀ ਸਿਥਤੀ ਵਿੱਚ, ਅੰਗਰੇਜ਼ੀ ਸੰਸਕਰਣ ਪ੍ਰਬਲ ਹੋਵੇਗਾ।